# ਪੀ ਏ ਯੂ, ਲੁਧਿਆਣਾ ਨੇ ਤਿਆਰ ਕੀਤੀਆਂ ਕਣਕ ਦੀਆਂ 2 ਨਵੀਆਂ ਕਿਸਮਾਂ ਪੀ ਬੀ ਡਬਲਯੂ 887, ਪੀ ਬੀ ਡਬਲਯੂ 927

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ ), ਲੁਧਿਆਣਾ ਨੇ ਕਣਕ ਦੀਆਂ 2 ਨਵੀਆਂ ਕਿਸਮਾਂ ਤਿਆਰ ਕੀਤੀਆਂ — ਪੀ ਬੀ ਡਬਲਯੂ 887 ਅਤੇ ਪੀ ਬੀ ਡਬਲਯੂ 927।

ਪੀ ਬੀ ਡਬਲਯੂ 887 ਸੇਂਜੂ ਹ ਖੇਤਰਾਂ ਵਿੱਚ ਸਮੇਂ-ਸਿਰ ਬਿਜਾਈ ਲਈ ਢੁੱਕਵੀਂ ਹੈ। ਇਸ ਦੀ ਔਸਤ ਪੈਦਾਵਾਰ 24.6 ਕੁਇੰਟਲ ਪ੍ਰਤੀ ਏਕੜ ਹੈ। 2024–25 ਅਤੇ 2025–26 ਦੇ ਖੇਤਰੀ ਟ੍ਰਾਇਲਾਂ ਦੌਰਾਨ, ਪੀ ਬੀ ਡਬਲਯੂ 887 ਨੇ ਪਰਚਲਤ ਕਿਸਮਾਂ ਪੀ ਬੀ ਡਬਲਯੂ 872 ਨਾਲੋਂ 1.4% ਵੱਧ, ਪੀ ਬੀ ਡਬਲਯੂ 826 ਨਾਲੋਂ 3.8% ਵੱਧ, ਅਤੇ ਡੀ ਬੀ ਡਬਲਯੂ 222 ਨਾਲੋਂ 12.5% ਵੱਧ ਝਾੜ ਦਿੱਤਾ।

ਪੀ ਏ ਯੂ ਦੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਪੀ ਬੀ ਡਬਲਯੂ 887 ਦੇ ਦਾਣੇ ਮੋਟੇ, ਗੂੜ੍ਹੇ ਰੰਗੇ, ਵੱਧ ਭਾਰ ਅਤੇ ਕੁੱਲ ਮਿਲਾ ਕੇ ਉੱਤਮ ਗੁਣਵੱਤਾ ਵਾਲੇ ਹਨ। ਇਸਦੇ 1,000 ਦਾਣਿਆਂ ਦਾ ਔਸਤ ਭਾਰ 44 ਗ੍ਰਾਮ ਹੈ।

ਇਹ ਕਿਸਮ ਭੂਰੀ ਕੁੰਗੀ, ਪੀਲੀ ਕੁੰਗੀ ਅਤੇ ਕਰਨਾਲ ਬੰਟ ਬਿਮਾਰੀਆਂ ਦਾ ਟਾਕਰਾ ਕਰਨ ਦੀ ਦਰਮਿਆਨੀ ਸਮਰੱਥਾ ਰੱਖਦੀ ਹੈ। ਪੀ ਬੀ ਡਬਲਯੂ 887 ਵਿੱਚ ਕ੍ਰਮਵਾਰ 40 ਪਾਰਟਸ ਪਰ ਮਿਲਿਅਨ (ਪੀ ਪੀ ਐਮ) ਜ਼ਿੰਕ ਅਤੇ ਲੋਹਾ ਅਤੇ 12% ਪ੍ਰੋਟੀਨ ਹੈ।

ਇਸਦੇ ਸਿੱਟੇ 105 ਦਿਨਾਂ ਵਿੱਚ ਨਿਕਲ ਆਉਂਦੇ ਹਨ ਅਤੇ ਫ਼ਸਲ 155 ਦਿਨਾਂ ਵਿੱਚ ਵਾਢੀ ਲਈ ਤਿਆਰ ਹੋ ਜਾਂਦੀ ਹੈ। ਪੀ ਬੀ ਡਬਲਯੂ ਦੇ ਬੂਟਿਆਂ ਦੀ ਔਸਤ ਉਚਾਈ 102 ਸੈਂਟੀਮੀਟਰ ਹੈ। ਇਸਦੇ ਮਜ਼ਬੂਤ ਤਣ ਕਾਰਨ, ਡਿੱਗਣ ਦਾ ਖਤਰਾ ਬਹੁਤ ਘੱਟ ਹੈ।

ਦੂਜੀ ਨਵੀਂ ਕਿਸਮ, ਪੀ ਬੀ ਡਬਲਯੂ 927, ਬਰਾਨੀ ਅਤੇ ਸੀਮਿਤ ਸਿੰਜਾਈ ਵਾਲੇ ਖੇਤਰਾਂ ਲਈ ਢੁੱਕਵੀਂ ਹੈ। ਇਸ ਦੇ ਦਾਣੇ ਸੋਹਣੇ ਦਿਖਾਈ ਦਿੰਦੇ ਹਨ ਅਤੇ ਇਸ ਦਾ ਹੈਕਟੋਲੀਟਰ ਭਾਰ 76.5 ਕਿਲੋਗ੍ਰਾਮ ਹੈ।

ਪੀ ਬੀ ਡਬਲਯੂ 927 ਕਿਸਮ ਪੀਲੀ ਅਤੇ ਭੂਰੀ ਕੁੰਗੀ ਦਾ ਟਾਕਰਾ ਕਰਦੀ ਹੈ। ਸੀਮਿਤ ਸਿੰਜਾਈ ਵਾਲੇ ਹਾਲਾਤ ਵਿੱਚ ਇਸ ਦੀ ਔਸਤ ਪੈਦਾਵਾਰ ਪ੍ਰਤੀ ਏਕੜ 18.5 ਕੁਇੰਟਲ ਹੈ, ਜਦਕਿ ਬਰਾਨ ਜ਼ਮੀਨਾਂ ਵਿੱਚ ਇਹ 17.5 ਕੁਇੰਟਲ ਪ੍ਰਤੀ ਏਕੜ ਦਾ ਝਾੜ ਦਿੰਦੀ ਹੈ।

ਟ੍ਰਾਇਲਾਂ ਵਿੱਚ, ਸੀਮਿਤ ਸਿੰਜਾਈ ਵਾਲੇ ਹਾਲਾਤ ਵਿੱਚ ਪੀ ਬੀ ਡਬਲਯੂ 927 ਨੇ ਪੀ ਬੀ ਡਬਲਯੂ 644 ਨਾਲੋਂ 14.5% ਵੱਧ ਅਤੇ ਪੀ ਬੀ ਡਬਲਯੂ 660 ਨਾਲੋਂ 12.4% ਵੱਧ ਪੈਦਾਵਾਰ ਦਿੱਤੀ। ਬਰਾਨੀ ਹਾਲਾਤ ਵਿੱਚ, ਇਸ ਨੇ ਪੀ ਬੀ ਡਬਲਯੂ 644 ਨਾਲੋਂ 12.3% ਵੱਧ ਅਤੇ ਪੀ ਬੀ ਡਬਲਯੂ 660 ਨਾਲੋਂ 5.5% ਵੱਧ ਝਾੜ ਦਿੱਤਾ।